Ministry of Labour

# ਤੁਹਾਡੇ ਰੁਜ਼ਗਾਰ ਦੇ ਮਿਆਰਾਂ ਸੰਬੰਧੀ ਹੱਕ – ਆਰਜ਼ੀ ਸਹਾਇਤਾ ਏਜੰਸੀ ਦੇ ਮਿੱਥੇ ਕੰਮ ਲਈ ਕਰਮਚਾਰੀ

**ਬੇਦਾਅਵਾ:** ਇਸ ਵਸੀਲੇ ਨੂੰ ਰੁਜ਼ਗਾਰ ਮਿਆਰ ਕਾਨੂੰਨ, 2000 (Employment Standards Act, 2000) (ESA) ਅਤੇ ਵਿਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਦੀ ਮਦਦ ਦੇ ਲਈ ਬਣਾਇਆ ਗਿਆ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਇਸਦਾ ਉਦੇਸ਼ ESA ਜਾਂ ਵਿਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਹਮੇਸ਼ਾ ਕਾਨੂੰਨ ਦੇ ਸਰਕਾਰੀ ਸੰਸਕਰਨ ਨੂੰ ਦੇਖਣਾ ਜ਼ਰੂਰੀ ਹੁੰਦਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਸ਼ ਕੀਤੀ ਹੈ ਕਿ ਇਸ ਵਸੀਲੇ ਵਿੱਚ ਜਾਣਕਾਰੀ ਨਵੀਨਤਮ ਅਤੇ ਬਿਲਕੁਲ ਸਹੀ ਹੋਵੇ, ਪਰ ਕਦੇ-ਕਦੇ ਗਲਤੀਆਂ ਹੋ ਜਾਂਦੀਆਂ ਹਨ। ESA ਸਿਰਫ ਨਿਊਨਤਮ ਮਿਆਰ ਦੱਸਦਾ ਹੈ। ਰੁਜ਼ਗਾਰ ਸਬੰਧੀ ਇਕਰਾਰਨਾਮੇ, ਸਮੂਹਕ ਸਮਝੌਤੇ, ਆਮ ਕਾਨੂੰਨ ਜਾਂ ਕਿਸੇ ਦੂਜੇ ਕਾਨੂੰਨ ਮੁਤਾਬਕ ਕੁਝ ਕਰਮਚਾਰੀਆਂ ਦੇ ਵਾਧੂ ਹੱਕ ਹੋ ਸਕਦੇ ਹਨ। ਚੰਗਾ ਹੋਵੇ ਜੇ ਕਰਮਚਾਰੀ ਅਤੇ ਰੁਜ਼ਗਾਰਦਾਤਾ ਕਾਨੂੰਨੀ ਸਲਾਹ ਪ੍ਰਾਪਤ ਕਰਨ।

ਇਸ ਜਾਣਕਾਰੀ ਸ਼ੀਟ ਵਿੱਚ ਰੁਜ਼ਗਾਰ ਮਿਆਰ ਕਾਨੂੰਨ (Employment Standards Act) (ESA) ਦੇ ਤਹਿਤ ਆਰਜ਼ੀ ਸਹਾਇਤਾ ਏਜੰਸੀਆਂ ਦੇ ਮਿੱਥੇ ਕੰਮ ਲਈ ਕਰਮਚਾਰੀਆਂ ਦੇ ਹੱਕਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ESA ਉਹ ਕਾਨੂੰਨ ਹੈ ਜੋ ਓਨਟਾਰਿਓ ਦੀਆਂ ਜ਼ਿਆਦਾਤਰ ਕੰਮ ਕਰਨ ਵਾਲੀਆਂ ਥਾਂਵਾਂ ਲਈ ਨਿਊਨਤਮ ਵੇਤਨ, ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ, ਓਵਰਟਾਈਮ ਵੇਤਨ, ਵੇਤਨ ਸਹਿਤ ਅਤੇ ਕੁਝ ਕਾਰਨਾਂ ਕਰਕੇ ਨੌਕਰੀ ਸੁਰੱਖਿਅਤ ਰੱਖਣ ਵਾਲੀਆਂ ਛੁੱਟੀਆਂ ਵਰਗੇ ਨਿਊਨਤਮ ਮਿਆਰ ਤੈਅ ਕਰਦਾ ਹੈ। ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿਸ ਕਿਸਮ ਦਾ ਕੰਮ ਕਰਦੇ ਹੋ, ਕੁਝ ਕਰਮਚਾਰੀਆਂ ਲਈ ਛੋਟਾਂ ਅਤੇ ਵਿਸ਼ੇਸ਼ ਨਿਯਮ ਹੋ ਸਕਦੇ ਹਨ। ਜ਼ਿਆਦਾ ਜਾਣਕਾਰੀ ਲਈ Ontario.ca/ESAguide 'ਤੇ ਜਾਓ।

## ਕਿਸੇ ਆਰਜ਼ੀ ਸਹਾਇਤਾ ਏਜੰਸੀ ਦੇ ਮਿੱਥੇ ਕੰਮ ਲਈ ਕਰਮਚਾਰੀ

ਤੁਸੀਂ ਇੱਕ ਆਰਜ਼ੀ ਸਹਾਇਤਾ ਏਜੰਸੀ ਦੇ ਮਿੱਥੇ ਕੰਮ ਲਈ ਕਰਮਚਾਰੀ (assignment employee) ਹੋ ਜੇ ਤੁਸੀਂ ਅਤੇ ਏਜੰਸੀ ਇਹ ਸਮਝੌਤਾ ਕਰਦੇ ਹੋ ਕਿ ਏਜੰਸੀ ਤੁਹਾਨੂੰ ਆਪਣੇ ਕਿਸੇ ਕਲਾਇੰਟ ਕਾਰੋਬਾਰ (ਜਾਂ ਕਲਾਇੰਟ ਕਾਰੋਬਾਰਾਂ) ਵਿੱਚ ਆਰਜ਼ੀ ਕੰਮ 'ਤੇ ਰੱਖੇਗੀ ਜਾਂ ਰੱਖਣ ਦੀ ਕੋਸ਼ਸ਼ ਕਰੇਗੀ। ਏਜੰਸੀ ਨਾਲ ਤੁਹਾਡਾ ਰੁਜ਼ਗਾਰ ਵਾਲਾ ਰਿਸ਼ਤਾ ਉਸ ਸਮੇਂ ਵੀ ਹੋਵੇਗਾ ਜਦ ਤੁਹਾਨੂੰ ਏਜੰਸੀ ਦੇ ਕਲਾਇੰਟ ਕਾਰੋਬਾਰ ਵਿੱਚ ਕੋਈ ਕੰਮ ਨਹੀਂ ਦਿੱਤਾ ਗਿਆ ਹੋਵੇਗਾ।

## ਸਰਕਾਰੀ ਛੁੱਟੀਆਂ ਬਾਰੇ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਦੇ ਵੇਤਨ ਬਾਰੇ ਹੱਕ

ਓਨਟਾਰਿਓ ਵਿੱਚ ਨੌਂ ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਆਮ ਤੌਰ 'ਤੇ ਜੇ ਤੁਹਾਨੂੰ ਕੋਈ ਕੰਮ ਦਿੱਤਾ ਹੋਇਆ ਹੈ ਅਤੇ ਸਰਕਾਰੀ ਛੁੱਟੀ ਕਿਸੇ ਅਜਿਹੇ ਦਿਨ ਹੁੰਦੀ ਹੈ ਜਿਸ ਦਿਨ ਤੁਸੀਂ ਆਮ ਤੌਰ 'ਤੇ ਕੰਮ ਕਰਨਾ ਹੁੰਦਾ ਹੈ, ਤਾਂ ਤੁਹਾਨੂੰ ਸਰਕਾਰੀ ਛੁੱਟੀ ਵਾਲੇ ਦਿਨ ਕੰਮ ਤੋਂ ਛੁੱਟੀ ਲੈਣ ਅਤੇ ਉਸ ਦਿਨ ਲਈ ਸਰਕਾਰੀ ਛੁੱਟੀ ਵਾਲਾ ਵੇਤਨ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਸਰਕਾਰੀ ਛੁੱਟੀ ਵਾਲੇ ਦਿਨ ਦਾ ਵੇਤਨ ਆਮ ਤੌਰ 'ਤੇ ਉਸ ਸਰਕਾਰੀ ਛੁੱਟੀ ਵਾਲੇ ਕੰਮਕਾਜੀ ਹਫਤੇ ਤੋਂ ਪਹਿਲਾਂ ਦੇ ਚਾਰ ਹਫਤਿਆਂ ਵਿੱਚ ਤੁਹਾਡੇ ਕਮਾਈ ਗਈ ਕੁੱਲ ਨਿਯਮਤਿ ਉਜਰਤ ਅਤੇ ਛੁੱਟੀਆਂ ਦੀ ਤਨਖਾਹ ਨੂੰ 20 ਨਾਲ ਭਾਗ ਕਰਕੇ ਕੱਢਿਆ ਜਾਂਦਾ ਹੈ। 1 ਜਨਵਰੀ 2018 ਅਤੇ 30 ਜੂਨ 2018 ਦੇ ਵਿਚਕਾਰ ਦੀਆਂ ਜਨਤਕ ਛੁੱਟੀਆਂ ਦੇ ਲਈ ਵੱਖਰਾ ਹਿਸਾਬ ਲਾਗੂ ਹੁੰਦਾ ਹੈ।

Ontario

ਜੇ ਤੁਸੀਂ ਛੁੱਟੀ ਵਾਲੇ ਦਿਨ ਕੰਮ ਕਰਨ ਲਈ ਲਿਖਤੀ, ਇਲੈਕਟ੍ਰਾਨਿਕ ਤਰੀਕੇ ਸਮੇਤ, ਸਹਿਮਤੀ ਦਿੰਦੇ ਹੋ ਤਾਂ ਤੁਸੀਂ ਸਰਕਾਰੀ ਛੁੱਟੀ ਵਾਲੇ ਦਿਨ ਦੇ ਵੇਤਨ ਦੇ ਇਲਾਵਾ ਪ੍ਰੀਮਿਅਮ ਵੇਤਨ (ਤੁਹਾਡੇ ਸਧਾਰਨ ਵੇਤਨ ਦੀ ਦਰ ਦਾ ਘੱਟੋ-ਘੱਟ ਡੇਢ ਗੁਣਾ) ਜਾਂ ਤੁਹਾਡੇ ਸਧਾਰਨ ਵੇਤਨ ਦੀ ਦਰ ਦੇ ਨਾਲ ਕਿਸੇ ਹੋਰ ਦਿਨ ਦੀ ਛੁੱਟੀ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਦੇ ਵੇਤਨ ਦੇ ਹੱਕਦਾਰ ਹੋਵੋਗੇ।

ਸਰਕਾਰੀ ਛੁੱਟੀਆਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/ESAguide ਵਿਖੇ ਉਪਲਬਧ *ਰੁਜ਼ਗਾਰ ਮਿਆਰ ਕਾਨੂੰਨ ਲਈ ਤੁਹਾਡੀ ਗਾਈਡ (Your Guide to the Employment Standards Act)* ਦਾ ਅਧਿਆਇ “ਆਰਜ਼ੀ ਸਹਾਇਤਾ ਏਜੰਸੀਆਂ” (“Temporary Help Agencies”) ਦੇਖੋ।

## ਰੁਜ਼ਗਾਰ ਦੇ ਰਿਸ਼ਤੇ ਦੀ ਸਮਾਪਤੀ ਲਈ ਨੋਟਿਸ ਅਤੇ ਵਖਰੇਵਾਂ ਵੇਤਨ ਦਾ ਹੱਕ

ਜੇ ਤੁਹਾਨੂੰ ਕਿਸੇ ਆਰਜ਼ੀ ਸਹਾਇਤਾ ਏਜੰਸੀ ਨੇ ਘੱਟੋ-ਘੱਟ ਤਿੰਨ ਮਹੀਨਿਆਂ ਲਈ ਕੰਮ 'ਤੇ ਰੱਖਿਆ ਹੈ ਅਤੇ ਜੇ ਇਹ ਏਜੰਸੀ ਤੁਹਾਡੇ ਨਾਲ ਰੁਜ਼ਗਾਰ ਦੇ ਰਿਸ਼ਤੇ ਨੂੰ ਸਮਾਪਤ ਕਰਦੀ ਹੈ ਤਾਂ ਆਮ ਤੌਰ 'ਤੇ ਤੁਹਾਨੂੰ ਸਮਾਪਤੀ ਦਾ ਨੋਟਿਸ (notice of termination) ਪ੍ਰਾਪਤ ਕਰਨ ਦਾ ਅਧਿਕਾਰ ਹੈ। ਤੁਹਾਨੂੰ ਕੰਮ ਕਰਨ ਦੌਰਾਨ ਨੋਟਿਸ ਮਿਲ ਸਕਦਾ ਹੈ, ਕੰਮ ਕਰਦੇ ਹੋਏ ਨੋਟਿਸ ਦੀ ਥਾਂ 'ਤੇ ਵੇਤਨ ਮਿਲ ਸਕਦਾ ਹੈ ਜਾਂ ਦੋਨਾਂ ਦਾ ਸੁਮੇਲ ਮਿਲ ਸਕਦਾ ਹੈ। ਆਮ ਤੌਰ 'ਤੇ ਤੁਹਾਨੂੰ ਮਿਲਣ ਵਾਲੇ ਨੋਟਿਸ ਦੀ ਘੱਟੋ-ਘੱਟ ਮਿਆਦ ਇੱਕ ਹਫਤੇ (ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਪਰ ਇੱਕ ਸਾਲ ਤੋਂ ਘੱਟ ਸਮੇਂ ਤੋਂ ਨੌਕਰੀ ਕਰ ਰਹੇ ਹੋ) ਤੋਂ ਅੱਠ ਹਫਤੇ (ਜੇ ਤੁਸੀਂ ਅੱਠ ਸਾਲ ਜਾਂ ਵੱਧ ਸਮੇਂ ਤੋਂ ਨੌਕਰੀ ਕਰ ਰਹੇ ਹੋ) ਤਕ ਹੋ ਸਕਦੀ ਹੈ। ਨੋਟਿਸ ਲਈ ਤੁਹਾਡੀ ਯੋਗਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੇ ਚਿਰ ਤੋਂ ਇਸ ਏਜੰਸੀ ਕੋਲ ਕੰਮ ਕਰ ਰਹੇ ਹੋ, ਇਸ ਗੱਲ 'ਤੇ ਨਹੀਂ ਕਿ ਤੁਸੀਂ ਕਿੰਨੇ ਅਰਸੇ ਤੋਂ ਏਜੰਸੀ ਦੇ ਕਲਾਇੰਟ ਕਾਰੋਬਾਰ/ਕਾਰੋਬਾਰਾਂ ਕੋਲ ਮਿੱਥੇ ਕੰਮ ਕਰ ਰਹੇ ਹੋ।

ਜੇ ਚਾਰ ਹਫਤਿਆਂ ਦੇ ਉਸੇ ਅਰਸੇ ਦੌਰਾਨ 50 ਜਾਂ ਵੱਧ ਮਿੱਥੇ ਕੰਮ ਵਾਲੇ ਕਰਮਚਾਰੀਆਂ ਦੀ ਨੌਕਰੀ ਸਮਾਪਤ ਕਰ ਦਿੱਤੀ ਜਾਂਦੀ ਹੈ ਤਾਂ ਇਸਦੇ ਲਈ ਵੱਖਰੇ ਨਿਯਮ ਲਾਗੂ ਹੁੰਦੇ ਹਨ।

ਜੇ ਤੁਸੀਂ ਕਿਸੇ ਏਜੰਸੀ ਕੋਲ ਪੰਜ ਜਾਂ ਵੱਧ ਸਾਲਾਂ ਤੋਂ ਕੰਮ ਕਰ ਰਹੇ ਹੋ ਅਤੇ ਜੇ ਏਜੰਸੀ ਤੁਹਾਡੀ ਨੌਕਰੀ ਨੂੰ ਸਮਾਪਤ ਕਰਦੀ ਹੈ ਤਾਂ ਤੁਸੀਂ ਵਖਰੇਵਾਂ ਵੇਤਨ (severance pay) ਦੇ ਹੱਕਦਾਰ ਵੀ ਹੋ ਸਕਦੇ ਹੋ।

ਰੁਜ਼ਗਾਰ ਦੇ ਰਿਸ਼ਤੇ ਦੀ ਸਮਾਪਤੀ, ਵੱਡੀ ਸੰਖਿਆ ਵਿੱਚ ਨੌਕਰੀਆਂ ਦੀ ਸਮਾਪਤੀ ਅਤੇ ਵਖਰੇਵਾਂ ਵੇਤਨ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/ESAguide ਵਿਖੇ ਉਪਲਬਧ *ਰੁਜ਼ਗਾਰ ਮਿਆਰ ਕਾਨੂੰਨ ਲਈ ਤੁਹਾਡੀ ਗਾਈਡ (Your Guide to the Employment Standards Act)* ਦਾ ਅਧਿਆਇ “ਆਰਜ਼ੀ ਸਹਾਇਤਾ ਏਜੰਸੀਆਂ” (“Temporary Help Agencies”) ਦੇਖੋ।

## ਮਿੱਥੇ ਕੰਮ ਦੀ ਸਮਾਪਤੀ ਦੇ ਨੋਟਿਸ ਦਾ ਹੱਕ

ਮਿੱਥੇ ਕੰਮ ਦੀ ਸਮਾਪਤੀ – ਜੋ ਨੌਕਰੀ ਦੀ ਸਮਾਪਤੀ ਤੋਂ ਵੱਖਰੀ ਹੁੰਦੀ ਹੈ – ਤਾਂ ਹੁੰਦੀ ਹੈ ਜਦ ਮਿੱਥੇ ਕੰਮ ਵਾਲੇ ਕਰਮਚਾਰੀ ਦਾ ਕਿਸੇ ਕਲਾਇੰਟ ਕੋਲ ਦਿੱਤਾ ਹੋਇਆ ਕੰਮ ਰੋਕ ਦਿੱਤਾ ਜਾਂਦਾ ਹੈ ਪਰ ਉਹ ਹਾਲਾਂ ਵੀ ਉਸ ਆਰਜ਼ੀ ਸਹਾਇਤਾ ਏਜੰਸੀ ਕੋਲ ਰੁਜ਼ਗਾਰ ਵਿੱਚ ਰਹਿੰਦਾ ਹੈ।

ਆਮ ਤੌਰ 'ਤੇ ਕਿਸੇ ਵੀ ਆਰਜ਼ੀ ਸਹਾਇਤਾ ਏਜੰਸੀ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਮਿੱਥੇ ਕੰਮ ਵਾਲੇ ਕਰਮਚਾਰੀ ਨੂੰ **ਮਿੱਥੇ ਕੰਮ ਦੀ ਸਮਾਪਤੀ ਦਾ ਇੱਕ ਹਫਤੇ ਦਾ ਲਿਖਤੀ ਨੋਟਿਸ, ਮਿੱਥਿਆ ਕੰਮ ਸਮਾਪਤੀ ਵੇਤਨ ਜਾਂ ਦੋਨਾਂ ਦਾ ਸੁਮੇਲ** ਮੁਹੱਈਆ ਕਰੇ ਜੇ:

1. ਮਿੱਥੇ ਕੰਮ ਵਾਲੇ ਕਰਮਚਾਰੀ ਨੂੰ ਕਿਸੇ ਕਲਾਇੰਟ ਲਈ ਕੰਮ ਕਰਨ ਲਈ ਮਿੱਥਿਆ ਜਾਂਦਾ ਹੈ;
2. ਕਰਮਚਾਰੀ ਨੂੰ ਪੇਸ਼ ਕੀਤੇ ਜਾਣ ਦੇ ਸਮੇਂ ਮਿੱਥੇ ਕੰਮ ਦੀ ਅਨੁਮਾਨਿਤ ਮਿਆਦ ਤਿੰਨ ਮਹੀਨੇ ਜਾਂ ਜ਼ਿਆਦਾ ਦੀ ਸੀ; ਅਤੇ
3. ਮਿੱਥੇ ਕੰਮ ਨੂੰ ਇਸਦੀ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਸਮਾਪਤ ਕਰ ਦਿੱਤਾ ਜਾਂਦਾ ਹੈ।

ਮਿੱਥੇ ਕੰਮ ਦੀ ਸਮਾਪਤੀ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/ESAguide ਵਿਖੇ ਉਪਲਬਧ *ਰੁਜ਼ਗਾਰ ਮਿਆਰ ਕਾਨੂੰਨ ਲਈ ਤੁਹਾਡੀ ਗਾਈਡ (Your Guide to the Employment Standards Act)* ਦਾ ਅਧਿਆਇ “ਆਰਜ਼ੀ ਸਹਾਇਤਾ ਏਜੰਸੀਆਂ” (“Temporary Help Agencies”) ਦੇਖੋ।

## ਏਜੰਸੀ ਤੁਹਾਡੇ ਕੋਲੋਂ ਕੁਝ ਫੀਸਾਂ ਨਹੀਂ ਲੈ ਸਕਦੀ

ਕੋਈ ਵੀ ਏਜੰਸੀ ਤੁਹਾਡੇ ਕੋਲੋਂ ਉਸਦੇ ਕਰਮਚਾਰੀ ਹੋਣ ਜਾਂ ਕੋਈ ਮਿੱਥਿਆ ਕੰਮ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਫੀਸ ਨਹੀਂ ਲੈ ਸਕਦੀ। ਉਹ ਤੁਹਾਡੇ ਕੋਲੋਂ ਸੰਖੇਪ ਜੀਵਨ ਬਿਰਤਾਂਤ (ਰਿਜ਼ਿਊਮੇ) ਲਿਖਣ ਦੇ ਤਰੀਕੇ ਜਾਂ ਇੰਟਰਵਿਊ ਦੀ ਤਿਆਰੀ ਕਰਨ ਲਈ ਜਾਣਕਾਰੀ ਜਾਂ ਸਲਾਹ ਦੇਣ ਲਈ ਕੋਈ ਫੀਸ ਨਹੀਂ ਲੈ ਸਕਦੀ, ਓਦੋਂ ਵੀ ਨਹੀਂ ਜਦ ਇਹ ਜਾਣਕਾਰੀ ਜਾਂ ਸਲਾਹ ਤੁਹਾਡੀ ਬੇਨਤੀ ਕਰਨ 'ਤੇ ਦਿੱਤੀ ਗਈ ਹੋਵੇ।

## ਜੇ ਏਜੰਸੀ ਦਾ ਕੋਈ ਕਲਾਇੰਟ ਕਾਰੋਬਾਰ ਤੁਹਾਨੂੰ ਕਿਸੇ ਕੰਮ ਲਈ ਰੈਫਰੈਂਸ ਦੇਣਾ ਚਾਹੁੰਦਾ ਹੈ ਜਾਂ ਆਪਣਾ ਕਰਮਚਾਰੀ ਬਣਾਉਣਾ ਚਾਹੁੰਦਾ ਹੈ

ਕੋਈ ਵੀ ਏਜੰਸੀ ਕਿਸੇ ਕਲਾਇੰਟ ਕਾਰੋਬਾਰ ਨੂੰ ਤੁਹਾਨੂੰ ਕਿਸੇ ਕੰਮ ਲਈ ਰੈਫਰੈਂਸ ਦੇਣ ਤੋਂ ਨਹੀਂ ਰੋਕ ਸਕਦੀ।

ਜੇ ਕੋਈ ਕਲਾਇੰਟ ਕਾਰੋਬਾਰ ਤੁਹਾਨੂੰ ਨੌਕਰੀ 'ਤੇ ਰੱਖਣਾ ਚਾਹੁੰਦਾ ਹੈ ਤਾਂ ਏਜੰਸੀ ਉਸਨੂੰ ਅਜਿਹਾ ਕਰਨ ਤੋਂ ਨਹੀਂ ਰੋਕ ਸਕਦੀ। ਜੇ ਏਜੰਸੀ ਤੁਹਾਨੂੰ ਕਿਸੇ ਕਲਾਇੰਟ ਕੋਲ ਕਿਸੇ ਦਿੱਤੇ ਗਏ ਕੰਮ ਨੂੰ ਕਰਨ ਲਈ ਭੇਜਦੀ ਹੈ ਤਾਂ ਉਹ ਤੁਹਾਡੇ ਕਲਾਇੰਟ ਕਾਰੋਬਾਰ ਕੋਲੋਂ ਤੁਹਾਨੂੰ ਨੌਕਰੀ 'ਤੇ ਰੱਖਣ ਲਈ ਫੀਸ ਲੈ ਸਕਦੀ ਹੈ ਪਰ ਉਸ ਕਲਾਇੰਟ ਕਾਰੋਬਾਰ ਲਈ ਤੁਹਾਡਾ ਕੰਮ ਸ਼ੁਰੂ ਹੋਣ ਵਾਲੇ ਦਿਨ ਤੋਂ ਛੇ ਮਹੀਨਿਆਂ ਦੀ ਮਿਆਦ ਦੇ ਅੰਦਰ ਹੀ ਉਹ ਅਜਿਹਾ ਕਰ ਸਕਦੀ ਹੈ।

ਜੇ ਕਿਸੇ ਏਜੰਸੀ ਦਾ ਕੋਈ ਕਲਾਇੰਟ ਕਾਰੋਬਾਰ ਤੁਹਾਨੂੰ ਆਪਣਾ ਕਰਮਚਾਰੀ ਬਣਾਉਣਾ ਚਾਹੁੰਦਾ ਹੈ ਤਾਂ ਇਹ ਏਜੰਸੀ ਤੁਹਾਨੂੰ ਇਹ ਨਹੀਂ ਕਹਿ ਸਕਦੀ ਕਿ ਤੁਸੀਂ ਇਹ ਨੌਕਰੀ ਨਹੀਂ ਲੈ ਸਕਦੇ। ਜੇ ਕੋਈ ਕਲਾਇੰਟ ਕਾਰੋਬਾਰ ਤੁਹਾਨੂੰ ਨੌਕਰੀ 'ਤੇ ਰੱਖਣਾ ਚਾਹੁੰਦਾ ਹੈ ਤਾਂ ਇਸਦੇ ਲਈ ਏਜੰਸੀ ਤੁਹਾਡੇ ਕੋਲੋਂ ਫੀਸ ਨਹੀਂ ਲੈ ਸਕਦੀ।

## ਏਜੰਸੀ ਦੇ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ

ਏਜੰਸੀ ਲਈ ਜ਼ਰੂਰੀ ਹੈ ਕਿ ਉਹ ਤੁਹਾਨੂੰ ਆਪਣਾ ਕਾਨੂੰਨੀ ਨਾਂ ਅਤੇ ਸੰਪਰਕ ਜਾਣਕਾਰੀ ਦੇਵੇ। ਇਹ ਜਾਣਕਾਰੀ ਤੁਹਾਡੇ ਮਿੱਥੇ ਕੰਮ ਲਈ ਕਰਮਚਾਰੀ ਬਣਨ ਦੇ ਫੌਰਨ ਬਾਅਦ ਲਿਖਤੀ ਵਿੱਚ ਦਿੱਤੀ ਜਾਣੀ ਚਾਹੀਦੀ ਹੈ।

## ਮਿੱਥੇ ਕੰਮਾਂ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ

ਜਦ ਕੋਈ ਏਜੰਸੀ ਤੁਹਾਨੂੰ ਕਿਸੇ ਕਲਾਇੰਟ ਕਾਰੋਬਾਰ ਕੋਲ ਮਿੱਥਿਆ ਕੰਮ ਕਰਨ ਦੀ ਪੇਸ਼ਕਸ਼ ਕਰਦੀ ਹੈ ਤਾਂ ਜ਼ਰੂਰੀ ਹੈ ਕਿ ਉਹ ਤੁਹਾਨੂੰ ਅੱਗੇ ਦਿੱਤੀ ਜਾਣਕਾਰੀ ਦੇਵੇ: ਕਲਾਇੰਟ ਕਾਰੋਬਾਰ ਦਾ ਕਾਨੂੰਨੀ ਨਾਂ ਅਤੇ ਸੰਪਰਕ ਜਾਣਕਾਰੀ, ਉਜਰਤ ਦੀ ਦਰ ਅਤੇ ਬੈਨਿਫਿਟ (ਜੇ ਕੋਈ ਹਨ), ਕੰਮ ਦੇ ਘੰਟੇ, ਕੰਮ ਦਾ ਸਧਾਰਨ ਵੇਰਵਾ, ਮਿੱਥੇ ਕੰਮ ਦੀ ਅੰਦਾਜ਼ਨ ਮਿਆਦ (ਜੇ ਪਤਾ ਹੈ) ਅਤੇ ਵੇਤਨ ਦੀ ਮਿਆਦ ਅਤੇ ਵੇਤਨ ਦਾ ਦਿਨ। ਜੇ ਪੇਸ਼ਕਸ਼ ਦੇ ਸਮੇਂ ਏਜੰਸੀ ਤੁਹਾਨੂੰ ਇਹ ਜਾਣਕਾਰੀ ਦੱਸਦੀ ਹੈ ਪਰ ਲਿਖਤੀ ਵਿੱਚ ਨਹੀਂ ਦੇਂਦੀ ਤਾਂ ਏਜੰਸੀ ਲਈ ਜ਼ਰੂਰੀ ਹੈ ਕਿ ਉਹ ਉਸਨੂੰ ਛੇਤੀ ਤੋਂ ਛੇਤੀ ਲਿਖਤੀ ਵਿੱਚ ਦੇਵੇ।

## ESA ਦੇ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ

ਏਜੰਸੀ ਲਈ ਜ਼ਰੂਰੀ ਹੈ ਕਿ ਤੁਹਾਡੇ ਮਿੱਥੇ ਕੰਮ ਵਾਲੇ ਕਰਮਚਾਰੀ ਬਣਨ ਦੇ ਬਾਅਦ ਛੇਤੀ ਤੋਂ ਛੇਤੀ ਉਹ ਤੁਹਾਨੂੰ ਇਸ ਜਾਣਕਾਰੀ ਪੱਤਰ ਦੀ ਕਾਪੀ ਦੇਵੇ।

ਜੇ ਤੁਹਾਡੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ ਤਾਂ ਏਜੰਸੀ ਲਈ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਇਹ ਜਾਣਕਾਰੀ ਪੱਤਰ ਤੁਹਾਡੀ ਮੁੱਖ ਭਾਸ਼ਾ ਵਿੱਚ ਉਪਲਬਧ ਹੈ ਜਾਂ ਨਹੀਂ, ਅਤੇ ਜੇ ਉਪਲਬਧ ਹੈ ਤਾਂ ਅੰਗਰੇਜ਼ੀ ਵਾਲਾ ਸੰਸਕਰਨ ਅਤੇ ਉਸਦਾ ਅਨੁਵਾਦ ਦੋਨੋਂ ਤੁਹਾਨੂੰ ਦਿੱਤੇ ਜਾਣੇ ਚਾਹੀਦੇ ਹਨ। ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਦਸਤਾਵੇਜ਼ Ontario.ca/employmentrights ਵਿਖੇ ਉਪਲਬਧ ਹਨ।

ਤੁਹਾਡੇ ਕਰਮਚਾਰੀ ਬਣਨ ਦੇ 30 ਦਿਨਾਂ ਦੇ ਅੰਦਰ, ਏਜੰਸੀ ਲਈ ਜ਼ਰੂਰੀ ਹੈ ਕਿ ਤੁਹਾਨੂੰ ਕਿਰਤ ਮੰਤਰਾਲੇ (Ministry of Labour) ਵੱਲੋਂ ਛਾਪੇ ਗਏ ਰੁਜ਼ਗਾਰ ਮਿਆਰ ਪੋਸਟਰ (Employment Standards Poster) ਦੀ ਕਾਪੀ ਵੀ ਦਿੱਤੀ ਜਾਏ।

ਜੇ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਦੂਜੀ ਭਾਸ਼ਾ ਵਿੱਚ ਪੋਸਟਰ ਦੀ ਮੰਗ ਕਰਦੇ ਹੋ ਅਤੇ ਮੰਤਰਾਲੇ ਨੇ ਉਸ ਭਾਸ਼ਾ ਵਿੱਚ ਪੋਸਟਰ ਛਾਪਿਆ ਹੈ ਤਾਂ ਏਜੰਸੀ ਲਈ ਜ਼ਰੂਰੀ ਹੈ ਕਿ ਅੰਗਰੇਜ਼ੀ ਵਾਲੀ ਕਾਪੀ ਦੇ ਨਾਲ-ਨਾਲ ਅਨੁਵਾਦ ਵੀ ਮੁਹੱਈਆ ਕੀਤਾ ਜਾਏ। ਪੋਸਟਰ Ontario.ca/ESAposter ਵਿਖੇ ਉਪਲਬਧ ਹੈ।

## ESA ਦੇ ਤਹਿਤ ਆਪਣੇ ਹੱਕ ਮੰਗਣ ਜਾਂ ਉਹਨਾਂ ਦੀ ਵਰਤੋਂ ਕਰਨ ਕਾਰਨ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ

ਜੇ ਤੁਸੀਂ ESA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਆਪਣੇ ਹੱਕ ਮੰਗਦੇ ਹੋ ਤਾਂ ਏਜੰਸੀ ਜਾਂ ਕਲਾਇੰਟ ਕਾਰੋਬਾਰ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਸਜ਼ਾ ਨਹੀਂ ਦੇ ਸਕਦਾ ਜਿਸ ਵਿੱਚ ਤੁਹਾਡੇ ਮਿੱਥੇ ਕੰਮ ਨੂੰ ਖਤਮ ਕਰਨਾ ਵੀ ਸ਼ਾਮਲ ਹੈ। ESA ਦੇ ਤਹਿਤ ਹੱਕਾਂ ਬਾਰੇ ਸਵਾਲ ਪੁੱਛਣ ਜਾਂ ਹੱਕਾਂ ਦੀ ਵਰਤੋਂ ਕਰਨ 'ਤੇ ਤੁਹਾਡੀ ਏਜੰਸੀ ਜਾਂ ਕਲਾਇੰਟ ਦੁਆਰਾ ਦੰਡਿਤ ਨਾ ਕੀਤੇ ਜਾਣ ਦਾ ਤੁਹਾਨੂੰ ਹੱਕ ਹੈ।

## ਏਜੰਸੀ ਅਤੇ ਕਲਾਇੰਟ ਕਾਰੋਬਾਰ ਲਈ ਰਿਕਾਰਡ ਰੱਖਣਾ ਜ਼ਰੂਰੀ ਹੈ

ਕਿਸੇ ਏਜੰਸੀ ਲਈ ਇਹ ਰਿਕਾਰਡ ਰੱਖਣਾ ਜ਼ਰੂਰੀ ਹੈ ਕਿ ਕਿਸੇ ਮਿੱਥੇ ਕੰਮ ਦੇ ਕਰਮਚਾਰੀ ਨੇ ਹਰੇਕ ਕਲਾਇੰਟ ਲਈ ਹਰੇਕ ਦਿਨ ਅਤੇ ਹਰੇਕ ਹਫ਼ਤੇ ਕਿੰਨੇ ਘੰਟਿਆਂ ਲਈ ਕੰਮ ਕੀਤਾ ਹੈ। ਕਲਾਇੰਟ ਲਈ ਵੀ ਇਹ ਰਿਕਾਰਡ ਰੱਖਣਾ ਜ਼ਰੂਰੀ ਹੈ ਕਿ ਕਿਸੇ ਮਿੱਥੇ ਕੰਮ ਦੇ ਕਰਮਚਾਰੀ ਨੇ ਉਹਨਾਂ ਲਈ ਹਰੇਕ ਦਿਨ ਅਤੇ ਹਰੇਕ ਹਫ਼ਤੇ ਕਿੰਨੇ ਘੰਟਿਆਂ ਲਈ ਕੰਮ ਕੀਤਾ ਹੈ।

## ਤੁਹਾਡੀ ਉਜਰਤ ਲਈ ਏਜੰਸੀ ਅਤੇ ਕਲਾਇੰਟ ਦੋਨੋਂ ਦੇਣਦਾਰ ਹੋ ਸਕਦੇ ਹਨ

ਜੇ ਤੁਸੀਂ ਕਿਸੇ ਕਲਾਇੰਟ ਕਾਰੋਬਾਰ ਜਾਂ ਕਾਰੋਬਾਰਾਂ ਲਈ ਕੰਮ ਕਰਦੇ ਹੋ ਅਤੇ ਏਜੰਸੀ ਉਸ ਅਰਸੇ ਦੌਰਾਨ ਤੁਹਾਡੇ ਕੰਮ ਲਈ ਜਾਂ ਉਸਦੇ ਇੱਕ ਹਿੱਸੇ ਲਈ ਵੇਤਨ ਨਹੀਂ ਦੇਂਦੀ, ਤਾਂ ਕਲਾਇੰਟ ਕਾਰੋਬਾਰ, ਸਾਂਝੇ ਤੌਰ 'ਤੇ ਅਤੇ ਅਲਗ-ਅਲਗ, ਭੁਗਤਾਨ ਨਾ ਕੀਤੇ ਗਏ ਕੁਝ ਵੇਤਨ ਜਾਂ ਸਾਰੇ ਵੇਤਨ ਲਈ ਦੇਣਦਾਰ ਹੋ ਸਕਦੇ ਹਨ। ਖਾਸ ਤੌਰ 'ਤੇ ਕਲਾਇੰਟ ਕਾਰੋਬਾਰਾਂ ਨੂੰ ਭੁਗਤਾਨ ਨਾ ਕੀਤੀ ਗਈ ਸਧਾਰਨ ਉਜਰਤ, ਓਵਰਟਾਈਮ ਵੇਤਨ, ਸਰਕਾਰੀ ਛੁੱਟੀ ਵਾਲੇ ਦਿਨ ਦੇ ਵੇਤਨ ਅਤੇ ਸਰਕਾਰੀ ਛੁੱਟੀ ਲਈ ਪ੍ਰੀਮਿਅਮ ਵੇਤਨ ਦੇ ਲਈ ਦੇਣਦਾਰ ਮੰਨਿਆ ਜਾ ਸਕਦਾ ਹੈ। ਜੇ ਭੁਗਤਾਨ ਦੇ ਕਿਸੇ ਅਰਸੇ ਦੌਰਾਨ ਇੱਕ ਤੋਂ ਵੱਧ ਕਲਾਇੰਟ ਕਾਰੋਬਾਰ ਦੇਣਦਾਰ ਹਨ ਤਾਂ ਏਜੰਸੀ ਦੇ ਨਾਲ-ਨਾਲ ਹਰ ਕਲਾਇੰਟ ਕਾਰੋਬਾਰ ਸਾਂਝੇ ਤੌਰ 'ਤੇ ਅਤੇ ਅਲਗ-ਅਲਗ ਭੁਗਤਾਨ ਦੇ ਲਈ ਜ਼ਿੰਮੇਵਾਰ ਹੋਵੇਗਾ ਅਤੇ ਵੇਤਨ ਦੀ ਕੁੱਲ ਦੇਣਦਾਰੀ ਵਿੱਚ ਹਰ ਕਲਾਇੰਟ ਦੀ ਦੇਣਦਾਰੀ ਉਸ ਦੇ ਲਈ ਕੀਤੇ ਗਏ ਕੰਮ ਦੇ ਘੰਟਿਆਂ ਦੇ ਅਨੁਪਾਤ ਵਿੱਚ ਹੋਵੇਗੀ।

## ਜੇ ਤੁਸੀਂ ਕੁਝ ਪੁੱਛਣਾ ਚਾਹੁੰਦੇ ਹੋ ਜਾਂ ਕਲੇਮ ਦਰਜ ਕਰਨਾ ਚਾਹੁੰਦੇ ਹੋ

ਜੇ ਤੁਹਾਡੇ ਮਨ ਵਿੱਚ ESA ਦੇ ਬਾਰੇ ਕੋਈ ਸਵਾਲ ਹਨ, ਤਾਂ ਕਿਰਤ ਮੰਤਰਾਲੇ ਦੇ ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ (Ministry of Labour's Employment Standards Information Centre) ਨੂੰ 416-326-7160, ਟੋਲ-ਫ੍ਰੀ 1-800-531-5551, ਜਾਂ TTY 1-866-567-8893 'ਤੇ ਕਾਲ ਕਰੋ। ਜਾਣਕਾਰੀ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ਕਲੇਮ ਦਰਜ ਕਰਨ ਲਈ ਤੁਸੀਂ ਰੁਜ਼ਗਾਰ ਮਿਆਰ ਕਲੇਮ ਫਾਰਮ (Employment Standards Claim Form) ਔਨਲਾਈਨ Ontario.ca/ESAforms ਵਿਖੇ ਪ੍ਰਾਪਤ ਕਰ ਸਕਦੇ ਹੋ।